ਉਸ ਸਮੇਂ ਕੋਰੋਨਾ ਵਾਇਰਸ ਦੇ ਸੰਪਰਕ ਵਿਚ ਆਉਣ ਦਾ ਜ਼ੋਖਮ ਵੱਧ ਜਾਂਦਾ ਹੈ ਜਦੋਂ ਕਿ ਆਪਣੇ ਕਿਸੇ ਪਿਆਰੇ ਵਿਅਕਤੀ ਦੀ ਮੌਤ ਹੋ ਜਾਣ ਤੋਂ ਬਾਅਦ ਵੱਖ-ਵੱਖ ਘਰਾਂ ਤੋਂ ਲੋਕ ਇਕੱਠੇ ਹੋ ਜਾਂਦੇ ਹਨ। ਇਸ ਤਰਾਂ ਦੇ ਸਮਾਰੋਹ ਸੋਗ ਮਨਾਉਣ ਦਾ ਇਕ ਮਹੱਤਵਪੂਰਨ ਭਾਗ ਹੁੰਦੇ ਹਨ ਪਰ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਲੋਕਾਂ ਨੂੰ ਇਹ ਯਾਦ ਰੱਖਣਾ ਬਹੁਤ ਜ਼ਰੂਰੀ ਹੈ ਕਿ ਖੁਦ ਅਤੇ ਦੂਸਰਿਆਂ ਦਾ ਬਚਾਅ ਕਿਵੇਂ ਕਰਨਾ ਹੈ।. ਜਿਸ ਦਾ ਮਤਲਬ ਹੈ:

- **ਸੇਵਾ ਦੇ ਭਾਗ ਤੋਂ ਬਾਹਰ ਦੇ ਆਧਾਰ ’ਤੇ 30 ਤੋਂ ਵੱਧ ਲੋਕ** ਇਸ ਤਰਾਂ ਦੇ ਕਿਸੇ ਇਕੱਠ ਦਾ ਹਿੱਸਾ ਨਹੀਂ ਬਣ ਸਕਦੇ।

- **ਪੂਜਾ ਕਰਨ ਵਾਲੇ ਸਥਾਨ ਦੇ ਅੰਦਦ ਕਿਸੇ ਵੀ ਰੀਤੀ-ਰਿਵਾਜ਼ ਲਈ ਇਹ ਨਿਯਤ ਕੀਤਾ ਗਿਆ ਹੈ ਕਿ ਉੱਥੇ 20 ਤੋਂ ਵੱਧ ਲੋਕ** ਇਕੱਠੇ ਨਹੀਂ ਹੋਣੇ ਚਾਹੀਦੇ, ਨਹੀਂ ਤਾਂ ਇਹ ਸ਼ੋਸ਼ਲ ਡਿਸਟੈਨਸਿੰਗ ਦੇ ਲਿਹਾਜ ਨਾਲ ਬਹੁਤ ਜ਼ਿਆਦ ਭੀੜ ਵਾਲਾ ਸਥਾਨ ਬਣ ਜਾਵੇਗਾ।

- ਜਿਹੜੇ ਵਿਅਕਤੀ ਨਾਲ ਤੁਸੀਂ ਨਹੀਂ ਰਹਿੰਦੇ ਹੋ, ਉਸ ਤੋਂ ਹਮੇਸ਼ਾਂ ਘੱਟੋ-ਘੱਟ 2 ਮੀਟਰ ਦੀ ਦੂਰੀ ਬਣਾ ਕੇ ਰੱਖੋ (ਜਾਂ ਫਿਰ ਕੋਈ ਸੁਰੱਖਿਆ ਉਪਾਅ ਲਾਗੂ ਕਰੋ) ਅਸੀਂ ਜਾਣਦੇ ਹਾਂ ਕਿ ਜਦੋਂ ਤੁਸੀਂ ਸੋਗ ਮਨਾ ਰਹੇ ਹੋਵੋਗੇ, ਤਾਂ ਅਜਿਹਾ ਕਰਨਾ ਬਹੁਤ ਔਖਾ ਹੋਵੇਗਾ, ਪਰ ਇਹ ਤੁਹਾਡੇ ਪਿਆਰਿਆਂ ਦੀ ਸੁਰੱਖਿਆ ਕਰੇਗਾ।

**#ProtectLuton #ProtectYourFamily**

**Luton**